83

ਸਭ ਹਕ ਪ੍ਰਕਾਸ਼ਕ ਦੇ ਅਧੀਨ ਹਨ ।

ਟ੍ਰੈਕਟ ਨੰ: ੪

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

## ਸਭ ਤੋਂ ਵਧੀਆ ਕਿਸਾ

# ਸੱਯਦ ਰੈਹਮੇਂ ਦੀ ਬਹਾਦਰੀ

ਅਥਵਾ

# ਸਾਕਾ ਨੂਰ ਮਹੱਲ

ਇਸ ਵਿਚ ਇਕ ਬਦ ਚਲਨ ਔਰਤ ਦੀ ਨੁਧਾਰਤਾ ਅਤੇ ਮਰਦ ਦੀ ਬਹਾਦਰੀ ਕਵਿਤਾ ਵਿਚ ਦੱਸੀ ਗਈਹੈ ਜੋਕਿ ਸਾਕਾ ਸੰਨ ੧੯੨੨ ਦਾ ਹੈ ਮਿਸਲ ਕਾਇਮ ਹੈ

ਕਰਤਾ

**ਭਾਈ ਗੁਰਬਚਨ ਸਿੰਘ ਕਵੀਸ਼ਰ**

ਮੁਕਾਮ ਨੂਰ ਮਹੱਲ ਜਿਲਾ ਜਾਲੰਧਰ, (ਦੁਆਬਾਖਾਸ)

ਪ੍ਰਕਾਸ਼ਕ:-

**ਭਾਈ ਗੁਰਬਚਨ ਸਿੰਘ ਸੋਹਣ ਸਿੰਘ**

ਟਾਪੂ ਨਿਵਾਸੀ ਮੁਕਾਮ ਨੂਰ ਮਹਿਲ ਖਾਸ

ਜ਼ਿਲਾ ਜਾਲੰਧਰ (ਪੰਜਾਬ)

ਸ੍ਰੀ ਕਲਗੀਧਰ ਪ੍ਰੈਸ ਰੇਲਵੇ ਰੋਡ ਜ਼ਿਲਾ ਜਲੰਧਰ ਵਿਚ ਗਿਆਨੀ ਕੇਹਰ ਸਿੰਘ ਅਜੀਤ ਪ੍ਰਿੰਟਰ ਤੇ ਪਬਲਿਸ਼ਰ ਦੇ ਯਤਨ ਨਾਲ ਛਪਜਾ।

ਪਹਿਲੀ ਵਾਰ ੧੦੦੦ ਕੀਮਤ -) ਇਕ ਆਨਾ

Digitized by Panjab Digital Library | www.panjabdigilib.org

੧ ਓ ਸਤਿਗੁਰਪ੍ਰਸਾਦਿ ॥

ਗੁਰੂ ਨਾਨਕ ਦਾ ਆਸਰਾ ਕਰੋ ਸਹੈਤਾ ਆ। ਦਸੋਂ ਗੁਰਾਂਕੋਸਿਮਰਕੇਲੀਨੀਕਲਮਉਠਾ॥
ਸਾਕਾ ਹੈ ਨੂਰਮਹਿਲ ਦਾ ਸੁਣੋ ਹਮਾਰੇ ਮੀਤ।ਦਿਲਪ੍ਰਚਾਵਾ ਦੋਘੜੀ ਸੁਹਿਓਲਾਕਰ ਪ੍ਰੀਤ।

ਬੈਂਤ—ਗੁਰੂ ਆ ਦੀਦਾਰ ਦੇ ਦਾਸ ਤਾਈਂ ਤੇਰੇ ਆਸਰੇ ਕਲਮ ਚਲਾਵਸਾ ਮੈਂ। ਨੂਰਮਹਿਲ ਦੇ ਵਿਚ ਜੋ ਹੋਯਾ ਸਾਕਾ ਫੋਟੋ ਖਿਚਕੇ ਸਾਹਮਣੇ ਲਾਵਸਾਂ ਮੈਂ। ਰੈਹਮਾ ਨਾਮ ਜੁਆਨ ਸੀ ਬਹੁਤ ਸੋਹਣਾ ਰਨ ਨਾਰ ਵਜ਼ੀਰ ਬਤਾਵਸਾਂ ਮੈਂ। ਸੰਨ ਉਨੀ ਸੌ ਬਾਈ ਸੀ ਈਸਵੀ ਜੀ ਰੁਤ ਹਾੜ ਸਿਆਲ ਅਲਾਵਸਾਂ ਮੈਂ। ਨਾਰੀ ਉਮਰ ਸਤਾਰਾਂ ਸੀ ਬਹੁਤ ਸੋਹਣੀ ਪਤੀ ਬਰਸ ਚੌਬੀ ਫੁਰਮਾਵਸਾਂ ਮੈਂ। ਕੰਮ ਵਾਹੀ ਦਾ ਰੇਣ ਗੁਜਰੇਨ ਕਰਦੇ ਸੱਯਦ ਕੌਮ ਉਚੀ ਸੀ ਸੁਣਾਵਸਾਂ ਮੈਂ। ਸੰਨ ਬਾਈ ਦੇ ਵਿਚ ਗੁਲਜ਼ਾਰ ਸੋਹਣੀ ਗਾਹਾਂ ਦਿਨ ਮਾੜੇ ਆਏ ਗਾਵਸਾਂ ਮੈਂ॥ ਨਾਲ ਲੱਗ ਮਹੱਲੇ ਦੇ ਨਾਰ ਬਿਗੜੀ ਕਿੱਸਾ ਓਹਦੀ ਕਰਤੂਤ ਬਣਾਵਸਾ ਮੈਂ॥ ਮਾੜੀ ਨਾਰ ਸੀ ਹੋਰ ਗੁਆਂਢ ਓਹਦੇ, ਓਹਦੇ ਨਾਮ ਨੂੰ ਗਾਹਾਂ ਬਤਲਾਵਸਾਂ ਮੈਂ॥ ਓਹਦੇ ਨਾਲ ਵਜ਼ੀਰਾ ਖਰਾਬ ਹੋਇਆ ਅਗੇ ਸਾਰਿਆਂ ਖੋਹਲ ਵਖਾਵਸਾਂ ਮੈਂ॥ ਗੁਰਬਚਨ ਸਿੰਘ ਦੋਨੋਂ ਮਸ਼ਹੂਰ ਹੋਈਆਂ ਮਚ ਗਈ ਤਰਥੱਲ ਸੁਣਾਵਸਾਂ ਮੈਂ॥

ਕੋਰੜਾ ਛੰਦ—ਮਮਾ ਰਾਰਾ ਦਦਾ ਅਖਰ ਲਗਾਂਵਦਾ॥ ਨਾਮ ਹੈ ਵਕੀਲ ਵਾਲਾ ਮੈਂ ਸੁਣਾਂਵਦਾ। ਰਾਤ ਦਿਨ ਰਹਿੰਦੀ ਰੰਨ ਨੂੰ ਸਖਾਲਦੀ। ਲੋਕਾਂ ਦੀ ਸਖੋਤ ਪੱਥਰਾਂ ਨੂੰ ਪਾੜਦੀ। ਨੂਰਮਹਿਲ ਵਿਚ ਮੁੰਡਾ ਸੋਹਣਾ ਵਸਦਾ॥ ਓਸਦਾ ਹਵਾਲ ਮੈਂ ਤੁਹਾਨੂੰ ਦਸਦਾ॥ ਉਚੀ ਮੰਡੀ ਨਾਮ ਹੈ ਬਜ਼ਾਰ ਗਾਂਵਦਾ॥ ਹਟੀ ਤੇ ਚੁਬਾਰਾ ਸੋਹਣੇ ਦਾ ਸੁਣਾਂਵਦਾ॥ ਵਕੀਲਣੀ ਦੇ ਨਾਲ ਹੋ ਵਜ਼ੀਰਾਂ ਚਾੜ੍ਹਦੀ॥ ਲੋਕਾਂ ਦੀ ਸਖੋਤ ਪਥਰਾਂ ਨੂੰ ਪਾੜਦੀ॥ ਇਸੇ ਤਰਾਂ ਕਈ ਲੰਘ ਗਏ ਮਹੀਨੇ ਜੀ॥ ਘਰ ਵਾਲੇ ਆਦਮੀ ਵਸਾਰ ਦੀਨੇ ਜੀ। ਅਸੂ ਦੇ ਨੁਰਾਤਿਆਂ ਦਾ ਦਿਨ ਆ ਗਿਆ॥ ਰਾਮ ਲੀਲਾ ਵਾਲਿਆਂ ਦੀਵਾਨ ਲਾ ਲਿਆ॥

Digitized by Panjab Digital Library | www.panjabdigilib.org

ਨਾਟਕ ਦਾ ਪੱਜ ਦਿਲ ਵਿਚ ਹਾੜਦੀ॥ ਲੋਕਾਂ ਦੀ ਸਖੋਤ ਪੱਥਰਾਂ ਨੂੰ ਪਾੜਦੀ॥ ਛਲੀਆਂ ਦੀ ਰੁਤ ਰੈਹਮਾ ਰਾਖੀ ਕਰਦਾ॥ ਕੋਈਦਿਨ ਦੇਖਿਆ ਨ ਬੂਹਾ ਘਰ ਦਾ॥ ਪੈਲੀ ਦਾ ਫਿਕਰ ਦਿਲ ਵਿਚ ਹੋ ਗਿਆ॥ ਤਿੰਨ ਰਾਤਾਂ ਜਾਕੇ ਰਹਿਮਾ ਖੂਹ ਤੇ ਸੌਂ ਗਿਆ॥ ਕਾਵਾਂ ਦੀ ਸਤੋਲ ਛਲੀਆਂ ਨੂੰ ਦਾੜ੍ਹਦੀ। ਲੋਕਾਂ ਦੀ ਸਖੋਤ ਪੱਥਰਾਂ ਨੂੰ ਪਾੜਦੀ। ਇਕਦਿਨ ਪੱਜਨਾਟਕ ਦਾਲਿਆ।ਸੋਹਣੇ ਪਾਸ ਜਾਣਾ ਇਹ ਮਤਾ ਪਕਾ ਲਿਆ।ਵਕੀਲਣੀ ਵਜੀਰਾਂ ਉਚੀਮੰਡੀ ਜਾਣ ਜੀ॥ਮੁੰਡਾਸੋਹਣਾ ਰਾਸਤੇ 'ਚ ਮਿਲੇ ਆਣ ਜੀ॥ ਘੇਰਕੇ ਵਜ਼ੀਰਾ ਹੇ ਹਟੀ 'ਚ ਵਾੜਤੀ॥ ਲੋਕਾਂ ਦੀ ਸਖੋਤ ਪਥਰਾਂ ਨੂੰ ਪਾੜਦੀ॥ ਵੜਕੇ ਅੰਦਰ ਹੈ ਲਗਾਇਆ ਦਰ ਜੀ॥ ਸੋਹਣੇ ਵਾਲਾ ਕਾਰਜ ਗਿਆ ਹੈ ਸਰ ਜੀ। ਦੋਵੇਂ ਆਪ ਬੈਠ ਗਏ ਮੰਜੇ ਨੂੰ ਡਾਇਕੇ। ਵਕੀਲਣੀ ਬਠਾਈ ਕੁਰਸੀ ਫੜਾਇ ਕੇ। ਨਿਕਲੇ ਨਾ ਭੇਤ ਦੋਹਾਂ ਨੂੰ ਸਖਾਲਦੀ॥ ਲੋਕਾਂ ਦੀ ਸਖੋਤ ਪੱਥਰਾਂ ਨੂੰ ਪਾੜਦੀ। ਵੇਹਲੀ ਹੋਕੇ ਆਪ ਅਰਜ਼ ਅਲਾਂਵਦੀ। ਕੱਢਦੇ ਬਾਹਰ ਬੇਨਤੀ ਸੁਣਾਂਵਦੀ। ਕੋਈ ਨਾ ਬਾਹਰ ਝੀਥਾਂ ਥਾਣੀ ਵੇਖਦੀ। ਕੌਣ ਹੈ ਮਟਾਊ ਜੋ ਲਿਖੀ ਹੈ ਲੇਖਦੀ॥ ਕੱਲਾ ਕੱਲਾ ਨਿਕਲ ਬਾਹਰ ਆਂਵਦੇ। ਫੜ ਲਏ ਪੁਲੀਸ ਨੇ ਕਵੀ ਜੀ ਗਾਂਵਦੇ। ਹੋਰ ਗਏ ਨਠ ਤਾਂ ਵਜ਼ੀਰਾਂ ਫਾੜਤੀ। ਲੋਕਾਂ ਦੀ ਸਖੋਤ ਪੱਥਰਾਂ ਨੂੰ ਪਾੜਦੀ॥

ਕਬਿੱਤ—ਭਜ ਗਏ ਜਾਂ ਸਾਰੇ ਤਾਂ ਪੁਲੀਸ ਨੇ ਵਜ਼ੀਰਾਂ ਫੜੀ, ਠਾਣੇ 'ਚ ਲਜਾਕੇ ਹਵਾਲਾਟ ਮੇਂ ਦੁਆਈ ਹੈ॥ ਰਹਿਮਾ ਬਾਹਰ ਸੁਤਾ ਖੂਹ ਤੇ ਛਲੀਆਂ ਦੀ ਰਾਖੀ ਵਿਚ, ਸੁਫਨੇ ਦੇ ਵਿਚ ਹੋਣੀ ਖਬਰ ਪੁਚਾਈ ਹੈ॥ ਆਇਆ ਜਾਂ ਸਵੇਰੇ ਘਰ ਟੋਲਦ ਪੁਲੀਸ ਵਾਲੇ, ਫੜ ਲਈ ਵਜ਼ੀਰਾਂ ਰੌਲੀ ਸਾਰਿਆਂ ਨੇ ਪਾਈ ਹੈ॥ ਤੀਹ ਰੁਪੈ ਖਰਚ ਜਾ ਛੁਡਾਈ ਪੁਲੀਸ ਕੋਲੋਂ ਘਰ ਗੁਰਬਚਨ ਸਿੰਘ ਲਿਆਣਕੇ ਬਹਾਈ ਹੈ॥

Digitized by Panjab Digital Library | www.panjabdigilib.org

ਦੋਹਿਰਾ—ਘਰ ਲਿਆਕੇ ਨਾਰ ਨੂੰ ਲੈਂਦਾ ਪਾਸ ਬਠਾ।
ਨਾ ਬੋਲੇ ਨਾਲ ਵਕੀਲਣੀ ਰਿਹਾ ਨਾਰ ਸਮਝਾ॥
ਰਹਿਮਾ ਆਖੇ ਨਾਰ ਨੂੰ ਛਡਦੇ ਮਾੜੇ ਕੰਮ।
ਟੋਕਾ ਚੁਕਕੇ ਆਖਦਾ ਲਾਹਦਿਆਂ ਤੇਰਾ ਚੰਮ॥
ਨਾਰੀ ਅਗੋਂ ਬੋਲਦੀ ਬਾਤ ਸੁਣੀ ਤੂੰ ਪਤੀ।
ਮੈਨੂੰ ਆਖੇ ਲੁਚੀਏ ਤੂੰ ਨਾਂ ਦੀਦਾ ਜਤੀ॥

(ਜੁਵਾਬ ਸੁਵਾਲ ਪਤੀ ਨਾਰ ਤਰਜ਼-ਤੇਲੂ)

ਰਹਿਮਾ ਆਖਦਾ ਨਾਰ ਨੂੰ ਛਹਿਕੇ ੨ ਸ਼ਰਮ ਕਰ ਤੂੰ ਲੁਚੀਏ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ ਨਾਰੀ ਅਗੇਊਂ ਜਵਾਬ ਸੁਣੌਂਦੀ ੨ ਲੋਕੀ ਲੋਣ ਲੂਤੀਆਂ ਨੂੰ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਨੀ ਮੈਂ ਠਾਣਿਓਂ ਲਿਆਂਦੀ ਜਾਕੇ ੨ ਕੂਰ ਕੂਰ ਹੋਈ ਜਗ ਤੇ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ ਮੈਂ ਤਾਂ ਨਾਟਿਕ ਦੇਖਣ ਜਾਂਦੀ ੨ ਫੜਾਈ ਤੇਰੇ ਵੈਰੀਆਂ ਨੇ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਮੈਨੂੰ ਲਗ ਗਈ ਖਬਰ ਹੈ ਸਾਰੀ ੨ ਫੜ ਲਈ ਹਟੀ ਦੇ ਅੰਦਰੋਂ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ ਅੱਜ ਤਾਈਂ ਨਾ ਕਿਸੇ ਦੀ ਹਟ ਦੇਖੀ ੨ ਫੜ ਲਈ ਪਸ਼ਾਬ ਕਰਦੀ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਮੈਨੂੰ ਦਿਸਦੀ ਅਜਿਲ ਤੇਰੀ ਆਈ ੨ ਬੈਠਕੇ ਤੂਫਾਨ ਤੋਲਦੀ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ ਕਰ ਡਕਰੇ ਆਪ ਮਰ ਜਾਵੇਂ ੨ ਰਾਜ ਅੰਗਰੇਜ਼ਾਂ ਦਾ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਤੈਨੂੰ ਵਢਕੇ ਆਪ ਮਰ ਜਾਣਾ ੨ ਦੁਨੀਆਂ ਯਾਦ ਕਰੂ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ ਤੇਰੀ ਜਦ ਨੂੰ ਦਾਗ ਲੱਗ ਜਾਵੇ ੨ ਸਯਦ ਹੋਕੇ ਖੂਨ ਕਰੇ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਸਾਡੀ ਸ਼ਰਾ ਨੇ ਦੁਆਇਆ ਪੜ੍ਹਦਾਰ

Digitized by Panjab Digital Library | www.panjabdigilib.org

ਔਰਤ ਮੋਮਨ ਨੂੰ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਦਸ ਕੇਹੜੇ ਵੇਦ ਵਿਚ ਲਿਖਿਆ ੨ ਵਢਣਾ ਮਾਣਸ ਦਾ ਪਤੀਆ੨ ਸ਼ਰਮ ਕਰ ਬੈਠ ਪਰੇ ਹਟ ਜਤੀਆ ॥ ਤੈਨੂੰ ਵਿਚ ਮੈਂ ਕੁਰਾਨ ਦਖਾਲਾ ੨ ਪਾਪੀਆਂ ਦੇ ਨਾਮ ਸਜ਼ਾ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਲੂਣਾ ਪੜ੍ਹੀ ਹੋਈ ਬੇਦ ਸੀ ਸਾਰੇ ੨ ਪੁਤਰ ਪਰ ਡੋਲ ਗਈ ਪਤੀਆ ੨ ਸ਼ਰਮ ਨਾਲ ਬੈਠ ਪਰੇ ਹਟ ਜਤੀਆ ॥ ਵਸ ਲੂਣਾਂ ਦੇ ਬਾਤ ਨਾ ੋਈ ੨ ਪਿਛਲਾ ਸਰਾਫ ਪੈ ਗਿਆ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਜ਼ੁਲੈਖਾਂ ਪੜ੍ਹਿਆ ਕੁਰਾਨ ਜ਼ਬਾਨੀ ੨ ਮਗਰ ਫਿਰੇ ਯੂਸਫ ਦੇ ਪਤੀਆ ੨ ਸ਼ਰਮ ਨਾਲ ਬੈਠ ਪਰੇ ਹਟ ਜਤੀਆ ॥ ਅੱਲਾ ਪਾਕ ਨੇ ਲਿਖੀ ਸੀ ਜੋੜੀ ੨ ਯੂਸਫ ਜ਼ੁਲੈਖਾਂ ਦੀ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਵਡੇ ਔਲੀਏ ਇਸ਼ਕ ਨੇ ਮਾਰੇ ੨ ਸ਼ੀਰੀ ਫਰਿਆਦ ਵਰਗੇ ਪਤੀਆ ੨ ਸ਼ਰਮ ਕਰ ਬੈਠ ਪਰੇਹਟ ਜਤੀਆ ॥ ਤੂੰ ਰੀਸਕੀ ਸ਼ੀਰੀ ਦੀ ਕਰਨੀ੨ ਜੰਮਕੇ ਨਮਾਜ ਨਾ ਪੜ੍ਹਾ ਨਾਰੇ ੨ ਟੁਕੜੇ ਤਿੰਨ ਕਰਦੇਊਂ ਬਦਕਾਰੇ॥ ਢੋਲ ਵਰਗੇ ਬਾਦਸ਼ਾਹ ਰਾਜੇ੨ ਇਸ਼ਕ ਪਿਛੇ ਜੰਗ ਕਰਦੇ ਪਤੀਆ੨ ਸ਼ਰਮ ਕਰ ਬੈਠ ਪਰੇ ਹਟ ਜਤੀਆ ॥ ਸੱਮੀ ਸਤ ਰਖਿਆ ਸੀ ਪੂਰਾ੨ ਮੁਖ ਨਹੀਂ ਕਿਸੇ ਦਾ ਦੇਖਿਆ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਮੈਂ ਅੱਜ ਤੋਂ ਕੰਨਾਂ ਨੂੰ ਹੱਥ ਲਾਵਾਂ ੨ ਸੋਹਣੇ ਦੇ ਨਾ ਮੱਥੇ ਲਗਦੀ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ ॥ ਮੈਂ ਆਖਰੀ ਆਖਦਾ ਤੈਨੂੰ ੨ ਘਰ ਤੋਂ ਨਾ ਬਾਹਰ ਨਿਕਲੀ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਹੋਰ ਸਭ ਕੰਮ ਅੱਜ ਤੋਂ ਵਸਾਰੇ ੨ ਛਡਨਾ ਸਹੇਲੀ ਨੂੰ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ॥ ਜੇ ਜਾਨ ਰਹੀ ਵਿਚ ਮੇਰੇ ੨ ਕਿਦੇ ਨਾ ਜਾਣ ਜੋਗੀ ਛਡਦਾ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਹੱਥ ਦੇਖ ਲਾ ਨਾਰ ਨੂੰ ਲਾਕੇ ੨ ਕੈਦ ਕਰਵਾ ਦੇਊਂਗੀ ਪਤੀਆ ੨ ਸ਼ਰਮ ਕ

Digitized by Panjab Digital Library | www.panjabdigilib.org

ਬੈਠ ਪਰੇ ਹਟ ਜਤੀਆ ॥ ਗੁਸਾ ਖਾਕੇ ਗੜਾਸਾ ਚੁਕਿਆ ੨ ਦੇਰ ਨੂੰ ਲਗਾਇਆ ਜਿੰਦਰਾ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ਜਦ ਦੇਖਿਆ ਗੜਾਸਾ ਨਾਰੀ ੨ ॥ ਪੀਲੀ ਹੋ ਗਈ ਫੁਲ ਵਰਗੀ ਪਤੀਆ ੨ ਸ਼ਰਮ ਕਰ ਬੈਠ ਪਰੇ ਹਟ ਜਤੀਆ ॥ ਰੈਹਮੇ ਜ਼ੋਰ ਨਾਲ ਗੜਾਸਾ ਲਾਇਆ ੨ ਹੱਥ ਨਾ ਵਜ਼ੀਰਾਂ ਫੜਦੀ ਨਾਰੇ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਟੋਕਾ ਲਗਕੇ ਝੜੇ ਹਥ ਦੋਵੇਂ ੨ ਗਲ ਪਲ੍ਹਾ ਅਰਜ਼ ਕਰੇ ਜਤੀਆ ੨ ਜਿੰਦ ਮੇਰੀ ਬਖਸ਼ ਦੇਵੀਂ ਮੇਰੇ ਪਤੀਆ ੨ ਤੇਰਾ ਅੰਨਜਲ ਦੁਨੀਆਂ ਤੇ ਹੈਨਾ ੨ ਕਾਲ ਖੜਾ ਕੂਕ ਰਿਹਾ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ॥ਟੁੰਡੇ ਹਥ ਨਾਲ ਬੇਨਤੀ ਕਰਦੀ੨ ਇਕ ਲਤ ਭਾਰ ਖੜੀ ਜਤੀਆ ੨ ਗਾਹਾਂ ਨਾ ਕਸੂਰ ਕਰਦੀ ਮੇਰੇ ਪਤੀਆ ॥ ਦੂਈ ਜੋਰ ਨਾਲ ਗੜਾਸੀ ਮਾਰੀ ੨ ਕੋਲ ਦੀ ਵਖੀਦੇ ਲੰਘ ਗਈ ਨਾਰੇ ੨ ਟੁਕੜੇ ਤਿੰਨ ਕਰ ਦੇਊਂ ਬਦਕਾਰੇ ॥ ਸਜਾ ਹਥ ਭੀ ਕੁਰਾਮ ਨੂੰ ਲਾਵਾਂ ੨ ਨਕ ਨਾਲ ਲਕੀਰਾਂ ਕਢਦੀ ਜਤੀਆ ੨ ਜਾਮਨ ਕੁਰਾਨ ਮਨ ਲੈ ਮੇਰੇ ਪਤੀਆ ॥ ਤੀਜਾ ਜੋਰ ਨਾਲ ਗੜਾਸਾ ਲਾਇਆ ੨ ਕਰ ਦਿਤੇ ਤਿੰਨ ਡਕੜੇ ਨਾਰੇ ੨ ਤੁਰ ਜਾ ਨਰਕਾਂ ਨੂੰ ਬਦਕਾਰੇ। ਜਦੋਂ ਧੜ ਤੋਂ ਜੁਦਾ ਸਿਰ ਕੀਤਾ ੨ ਲਹੂ ਨਾਲ ਭਿਜੇ ਕਪੜੇ ਨਾਰੇ ੨ ਤੁਰਜਾ ਨਰਕਾਂ ਨੂੰ ਬਦਕਾਰੇ ॥ ਰੰਨ ਵਡਕੇ ਲਗਾਇਆ ਘਰ ਜੰਦਰਾ॥ਆਪ ਗਿਆ ਠਾਣੇ ਨੂੰ ਸਜਣਾ ੨ ਕਰਨੀ ਆਪਣੀ ਦਾ ਫਲ ਲਭਣਾ ॥ ਰਾਹ ਵਿਚ ਨਾ ਕਿਸੇ ਨਾਲ ਗਲ ਕਰਦਾ ੨ ਠਾਣੇ ਜਾਕੇ ਸਚ ਦਸਦਾ ਅੜਿਆ ੨ ਅੰਤ ਨੂੰ ਭਜ ਜਾਵਣਾ ਜੇਹੜਾ ਘੜਿਆ ॥

ਦੋਹਿਰਾ ॥

ਮਾਰ ਵਜੀਰਾ ਰਨ ਕੋ ਜਿੰਦ ਦਿਤਾ ਲਾ॥ ਨਾਰੀ ਆਪਣੀ ਮਾਰਤੀ ਠਾਣੇ ਦਸਿਆ ਜਾ ।

ਕਬਿਤ ॥ ਵਡਕੇ ਵਜੀਰਾ ਤਿੰਨ ਡਕਰੇ ਬਣਾ ਦਿਤੀ ਜਿੰਦਾ ਲਾਇਆ ਘਰ ਆਪ ਠਾਣੇ ਰੌਲੀ ਪਾਂਵਦਾ । ਮੁਨਸ਼ੀ ਨੂੰ ਦਸੇ ਜੇੜ੍ਹੀ ਾਰਮੈਂ ਛੁਡਾਈ ਰਾਤੀ ਸੀਗੀ ਓਹ ਖਰਾਬ ਵਢ ਆਇਆ ਮੈਂ ਸੁਣਾਂ-

Digitized by Panjab Digital Library | www.panjabdigilib.org

ਵਦਾ। ਲਹੂ ਨਾਲ ਕਪੜੇ ਜਾਂ ਰੈਹਮੇ ਵਾਲੇ ਭਿਜੇ ਦੇਖੇ ਮੁਨਸ਼ੀ ਸ਼ਿਪਾਹੀ ਹਥਕੜੀ ਜਾ ਲਗਾਂਵਦਾ॥ਚਾੜ੍ਹ ਲਈ ਪੁਲਿਸ ਗੁਰਬਚਨ ਸਿੰਘ ਨਾਲ ਆਯਾ ਚੜ੍ਹ ਸਾਰਾ ਥਾਣਾ ਘਰ ਰੈਹਮੇ ਵਾਲੇ ਆਂਵਦਾ॥

ਕਬਿਤ—ਆ ਇਕੇ ਮਹਲੇ ਵਿਚੋਂ ਖੂਬ ਤਫਤੀਸ਼ ਕੀਤੀ ਪਤਾ ਨਹੀਂ ਕਿਸੇ ਨੂੰ ਇਹੋ ਸਾਰਿਆਂ ਸੁਣਾਇਆ ਸੀ॥ ਕਿਸੇ ਨੂੰ ਕੀ ਪੁਛੋ ਮੇਰੀ ਨਾਰ ਮੈਂ ਹੈ ਮਾਰੀ ਭਾਈ ਅਗਿਊਂ ਜੁਆਨ ਰੈਹਮੇ ਆਪ ਫੁਰਮਾ-ਇਆ ਸੀ॥ ਚਕ ਲਈ ਲੋਥ ਠਾਣੇਦਾਰ ਨੇ ਚਲਾਨ ਕੀਤਾ ਦਫਾ ਲਾਈ ਕਤਲ ਦੀ ਫਲੌਰ ਜਾ ਪੁਚਾਇਆ ਸੀ। ਕਰਕੇ ਤਸੱਲੀ ਲੋਥ ਦਬਦਾ ਤਸੀਲਦਾਰ ਸਿੰਘ ਗੁਰਬਚਨ ਰੈਹਮਾ ਜੇਲ ਮੇਂ ਅੜਾਇਆ ਸੀ

ਦੋ:—ਕੀਤਾ ਪੁਲਿਸ ਚਲਾਨ ਕੱਵਿਚ ਜਿਲੇ ਦੇ ਖਾਸ॥ਘਰ ਵਿਚ ਬੈਠੇ ਰੈਹਮੇ ਦੇ ਵੇਹੁ ਵੇ ਮਾਈ ਬਾਪ॥

॥ ਕੋਰੜਾ ਛੰਦ ॥ ਬੁਢਾ ਮਾਈ ਬਾਪ ਰੋਂਦਾ ਧਾਹੀਂ ਮਾਰਕੇ॥

ਲੁਟ ਲਿਆ ਜਹਾਨ ਆਖਦਾ ਪੁਕਾਰਕੇ॥ਤਿੰਨ ਪੁਤ ਮੇਰੇ ਅਜ ਹਨੇਰ ਪੈਗਿਆ॥ ਦੋ ਸੀ ਪਰਦੇਸ ਤੀਜਾ ਠਾਣਾ ਲੈ ਗਿਆ। ਪਿਟ ਪਿਟ ਮਾਈ ਛਾਤੀ ਕਰੇ ਲਾਲ ਜੀ॥ ਮੈਨੂੰ ਅਲਾ ਪਾਕ ਕਰ ਲੈ ਲਹਾਲ ਜੀ। ਮਾਈ ਬਾਪ ਅੰਗ ਸਾਕ ਬੈਣ ਪੌਣ ਜੀ॥ ਸਾਡੇ ਪੁਤ ਤਾਈਂ ਤਾਂ ਛਡਾਊ ਕੌਣ ਜੀ। ਦੂਏ ਦਿਨ ਦਸਦਾ ਸਿਪਾਹੀ ਆਣਕੇ॥ ਚੌਥੀ ਹੈ ਤਰੀਕ ਆਖਦਾ ਸੇ ਆਣਕੇ॥ ਕਰੂਗਾ ਸਫਾਈ ਹੈ ਮਜਿਸਟਰੇਟ ਜੀ। ਸ਼ੇਰ ਦੀ ਸਫਾਰਿਸ਼ ਲਜਾਈ ਸੇਠ ਜੀ॥ ਸੁਣਕੇ ਨਜੀਕੀ ਡਿਗੇ ਗਸ਼ ਖਾਇਕੇ। ਪੈਸਾ ਹੈ ਨਾ ਕੋਲ ਆਖਦੇ ਸੁਣਾਇਕੇ॥ਮੁਰਾਦ ਤਾਈਂ ਨੂਰ ਮੈਹਲ ਹੈ ਸੁਣਾਂਵਦਾ। ਦੇਵਾਂਗੇ ਗਵਾਈ ਹੌਂਸਲਾ ਕਿਉਂ ਢਾਂਵਦਾ। ਆਈ ਜਾ ਤਰੀਕ ਡਿਪਟੀ ਦੇ ਜਾਂਵਦੇ॥ ਕਰਕੇ ਵਕੀਲ ਆਪਣਾ ਲਜਾਂਵਦੇ। ਪੇਸ਼ ਹੋਇਆ ਰੈਹਮਾ ਜਾ ਕਚੈਹਰੀ ਜਾਇਕੇ॥ ਆਖਦਾ ਵਕੀਲ ਉਸਕੋ ਸੁਣਾਇਕੇ। ਕਰੀਂ ਤੂ ਬਿਆਨ ਨਹੀਂ ਮੈਂ ਮਾਰੀ ਨਾਰ ਜੀ। ਫੇਰ ਮੈਂ ਲਗਾਊ ਤੇਰਾ ਬੇੜਾ ਪਾਰ ਜੀ। ਚੁਪ ਕੀਤਾ ਰੈਹਮਾ ਨਹੀਂ ਕਿਸੇ ਨਾਲ ਬੋਲਦਾ। ਨੀਵੀਂ ਧੌਣ ਕਰ ਜਿਮੀਂ ਨੂੰ ਫਰੋਲ ਦਾ। ਵਾਜ ਹੈ ਸਿਪਾਹੀ ਅੰਦਰੋਂ ਸੀ ਮਾਰਦਾ ਰੈਹਮਾ ਨੂਰ ਮੈਹਲ ਮੁਖ ਸੇ ਪੁਕਾਰਦਾ। ਪੇਸ਼ ਹੋਇਆ ਰੈਹਮਾ ਡਿਪਟੀ ਪੁਕਾਰਦਾ

Digitized by Panjab Digital Library | www.panjabdigilib.org

ਕਸਮ ਖੁਲਾਈ ਅੱਲਾ ਦੀ ਚਿਤਾਰਦਾ। ਆਖਦਾ ਹੈ ਰੈਹਮਾ ਅਲਾ ਦੇ ਹਜੂਰ ਜੀ। ਆਪੇ ਵਢੀ ਨਾਰ ਮੇਰਾ ਹੈ ਕਸੂਰ ਜੀ। ਸੱਯਦ ਸਾਡੀ ਕੌਮ ਬੁਰਕੇ ਨੂੰ ਪਾਂਵਦੀ। ਮੇਰੀ ਨਾਰ ਉਠ ਦੋਸਤਾਂ ਦੇ ਜਾਂਵਦੀ। ਕਿਸੇ ਦਾ ਨਹੀਂ ਕੋਈ ਸਾਹਿਬ ਹੈ ਕਸੂਰ ਜੀ। ਨਾਰ ਸੀ ਖਰਾਬ ਮੈਂ ਮਾਰੀ ਜਰੂਰ ਜੀ। ਡਿਪਟੀ ਪੁਕਾਰੇ ਤੇ ਕਿਉਂ ਬਢੇ ਹਡ ਜੀ।ਸੀਗੀ ਜੇ ਖਰਾਬ ਤਾਂ ਤੂ ਦਿੰਦਾ ਛਡ ਜੀ। ਡਿਪਟੀ ਦੇ ਦਿੰਦੇ ਹੈ ਗੁਵਾਹੀਆਂ ਸਾਫ ਜੀ। ਰੈਹਮੇ ਦੇ ਨਾ ਬਸ ਨਾਰੀ ਸੀ ਖਰਾਬ ਜੀ। ਸੋਚ ਸੋਚ ਫੇਰ ਡਿਪਟੀ ਅਲਾਂਵਦਾ। ਚੌਦਾਂ ਸਾਲ ਜੇਹਲ ਰੈਹਮੇ ਨੂੰ ਸੁਣਾਂਵਦਾ। ਚੌਦਾਂ ਸਾਲ ਹੁਕਮ ਗਿਆ ਹੈ ਲਗ ਜੀ। ਹਾਕਮ ਕਚੈਹਰੀ ਤੋਂ ਗਿਆ ਸੀ ਵਗ ਜੀ। ਗੁਰਬਚਨ ਸਿੰਘਾ ਲੋਕ ਆਏ ਘਰੋ ਘਰੀਜੀ।ਆਖਦਾ ਵਕੀਲ ਜਾਹ ਅਪੀਲ ਕਰੋ ਜੀ।ਕਬਿੱਤ—ਕਰਨੀ ਅਪੀਲ ਇਹ ਤਾਂ ਸਾਰਿਆਂ ਸਲਾਹਦਿੱਤੀ ਪੇਸ਼ਹੋਣਾ ਪਾਸ ਇਹ ਮੁਰਾਦ ਜੀ ਸੁਣਾਂਵਦੇ। ਬੁਧਵਾਨਾਂ ਨੇ ਸਲਾਹ ਕੀਤੀਬਾਲੀਫੇਰੀ ਸ਼ਹਿਰਵਿਚ ਕੱਠਾ ਕਰ ਪੈਸਾ ਪਾਸ ਉਸਦੇ ਫੜਾਂਵਦੇ। ਨੇੜੇ ਦੇ ਪਿੰਡਾਂ ਨੇ ਬੀ ਸਹੈਤਾ ਦਿੱਤੀ ਬਹੁਤ ਸਾਰੀ ਰਹਿਮਾਂ ਹੈ ਛਡੌਣਾਂ ਬਚਾ ਬਚਾ ਹੈ ਸੁਣਾਂਵਦੇ। ਸ਼ਿਸ਼ਨ ਸਾਹਿਬ ਦੇ ਅਪੀਲ ਕੀਤਾ ਉਤੇ ਜਾਕੇ ਹੋਇਆ ਮਨਜ਼ੂਰ ਤਾਂ ਤਰੀਕ ਬਾਰਾਂ ਗਾਂਵਦੇ।

ਬੈਂਤ—ਮੰਗਲਵਾਰ ਤ੍ਰੀਕ ਜਦ ਆਈ ਬਾਰਾਂ ਪੇਸ਼ ਸ਼ਿਸ਼ਨ ਦੇ ਕੀਤਾ ਸੀ ਅੱਜ ਜਾਨੀ। ਪੁਛੇ ਸ਼ਿਸ਼ਨ ਬਿਆਨ ਨੂੰ ਕਰੇ ਰਹਿਮਾ ਕਹਿੰਦਾ ਆਪ ਦਿੱਤੀ ਨਾਰੀਵੱਢਜਾਨੀ। ਅਗੇ ਹੋ ਵਕੀਲ ਨੇ ਉਜਰ ਕੀਤਾ ਬੋਲੇ ਸਚ ਚਾਹੀਏ ਦੇਣਾ ਛੱਡ ਜਾਨੀ। ਸ਼ਿਸ਼ਨ ਆਖਦਾ ਖੂਨ ਇਹ ਮਾਣਸਾਂ ਦਾ ਦੇਈਏ ਛੱਡ ਤਾਂ ਲਗਦੀ ਦੰਦ ਜਾਨੀ। ਬਹੁਤ ਸੋਚਿਆ ਜੱਜ ਨੇ ਬੈਠ ਵੇਹਲਾ ਗਿਆ ਇਕ ਘੰਟਾ ਪੂਰਾ ਲਗ ਜਾਨੀ। ਆਖਰਕਾਰ ਫਿਰ ਸ਼ਿਸ਼ਨ ਨੇ ਹੁਕਮ ਲਾਇਆ ਦਸ ਸਾਲ ਬੋਲੇ ਕੈਦ ਜੱਜ ਜਾਨੀ। ਹੁਕਮ ਲਗ ਸਰਕਾਰ ਦਾ ਜਦੋਂ ਜਾਂਦਾ ਮਿੱਤਰ ਛੱਡ ਸਾਰੇ ਜਾਂਦੇ ਵਗ ਜਾਨੀ। ਜਦੋਂ ਵਗ ਗਈ ਕਲਮ ਤ੍ਰਕਦੀਰ ਵਾਲੀ ਗੁਰਬਚਨ ਸਿੰਘ ਆਏ ਆਪਾਂ ਭੱਜ ਜਾਨੀ॥

ਕਵੀਓ ਵਾਚ॥ ਬੈਂਤ॥ ਵੀਰਾ ਬਹੁਤ ਨਾ ਕੈਦ ਦਾ ਗਮ ਕਰ ਤੂੰ ਪੂਰਨ ਭਗਤ ਤੇ ਕਹਰ ਢੀਆ ਵਾਰ ਨਾਰਾਂ। ਨਾਚ ਇਹਨਾਂ ਕਰਾਇਆ ਕ੍ਰਿਸ਼ਨ ਤੋਂ ਜੋ ਦਿਤਾ ਭੀਸ਼ਮ ਦਾ ਸਿਰ ਉਤਾਰ ਨਾਰਾਂ। ਸਿੰਗੀ ਰਿਖੀ ਨੇ ਦੇਖ ਲਓ ਕੇਹੀ ਕੀਤੀ ਹੋਈਆਂ ਭੋਜ ਉਤੇ ਅਸਵਾਰ ਨਾਰਾਂ। ਮਜਨੂੰ ਵਾਂਗ ਕਰੀਰ ਦੇ ਸੁਕ ਗਿਆ ਮਿਰਜਾ ਜੱਟ ਵਢਾਇਆ ਸੀ ਆਪ ਨਾਰਾਂ। ਯੂਸਫ ਸੋਹਣਾ ਪੁਤ ਯਕੂਬ ਦਾ ਸੀ ਦਿਤਾ ਵੇਚ ਸੀ ਵਿਚ ਬਜ਼ਾਰ ਨਾਰਾਂ। ਪਟੇ ਸ਼ੀਰੀ ਫਰਿਆਦ ਤਾ ਵੇਲ ਵਰਗੇ ਕੀਤੀ ਮਿਸਲ ਮਸ਼ਹੂਰ ਵੰਗਾਰ ਨਾਰਾਂ। ਛਡ ਵਜ਼ੀਰਾਂ ਦਾ ਖਿਆਲ ਗੁਰਬਚਨ ਸਿੰਘਾ ਸਦਾ ਹੁੰਦੀਆਂ ਹੈਂ ਦਗੇਦਾਰ ਨਾਰਾਂ।

ਦੋਹਰਾ—ਰਲ ਮਿਲ ਮੇਰੇ ਦੋਸਤਾਂ ਮੈਨੂੰ ਕਿਹਾ ਸੁਣਾ। ਕਹਿਣਾ ਸਿਰ ਤੇ ਰੱਖਦਾ ਕਿੱਸਾ ਦੀਆ ਬਣਾ। ਜਿੰਨਾਂ ਹਾਲ ਸੀ ਦੇਖਿਆ ਸਾਰਾ ਲਿਖਿਆ ਆਪ। ਭੁਲ ਚੁਕ ਹੋਈ ਦਾਸ ਤੋਂ ਕਰਨੀ ਦਾਸ ਨੂੰ ਮਾਫ। ਰਹਿਮੇ ਵਾਲਾ ਬਾਪ ਜੀ ਮੈਨੂੰ ਕਹੇ ਸੁਣਾਂ। ਉਮੈਦ ਰਖੀ ਇਕ ਸਾਲ ਨੂੰ ਜਾਣਾ ਰਹਿਮਾ ਆ।

ਕਵੀ ਦਾ ਪਤਾ॥ ਬੈਂਤ॥ ਹਥ ਬੰਨ੍ਹਕੇ ਕਰਾਂ ਮੈਂ ਬੇਨਤੀ ਨੂੰ ਨਾਲੇ ਆਪਣਾ ਦੱਸਦਾ ਗਾਮ ਵੀਰੋ। ਜ਼ਿਲਾ ਹੈ ਜਲੰਧਰ ਦਾ ਲਗਦਾ ਜੀ ਨੂਰਮਹਿਲ ਹੈ ਸ਼ਹਿਰਪਛਾਣ ਵੀਰੋ। ਠਾਣਾ ਖਾਸ ਤਸੀਲ ਫਲੌਰ ਵਾਲੀ ਖੇੜਾ ਨਾਮ ਮਹਲਾ ਨਸ਼ਾਨ ਵੀਰੋ। ਪਰਜਾ-ਪਤ ਵਸਨੀਕ ਹੈ ਟਾਪੂਆਂ ਦਾ ਗੁਰਬਚਨ ਸਿੰਘ ਹੈ ਕਵੀ ਦਾ ਨਾਮ ਵੀਰੋ॥ ਸੰਪੂਰਣੰ॥

Digitized by Panjab Digital Library | www.panjabdigilib.org